# ਦਫਤਰ ਰਿਟਰਨਿੰਗ ਅਫਸਰ ਨਗਰ ਪੰਚਾਇਤ ਚੋਣਾ-2021, ਜੋਗਾ -ਕਮ-ਤਹਿਸੀਲਦਾਰ, ਮਾਨਸਾ

ਪੰਜਾਬ ਰਾਜ ਵਿੱਚ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਆਮ/ਜਿਮਨੀ ਚੋਣਾਂ-2021 ਮਿਤੀ 14.02.2021 ਨੂੰ ਹੋਣ ਜਾ ਰਹੀਆਂ ਹਨ। ਮਾਨਸਾ ਨਗਰ ਕੌਂਸਲਾ ਦੀਆਂ ਆਮ ਚੋਣਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਲਈ ਹੇਠ ਲਿਖੇ ਅਨੁਸਾਰ ਅਧਿਕਾਰੀਆ/ਕ੍ਰਮਚਾਰੀਆਂ ਦੀ ਡਿਊਟੀ ਲਗੀ ਜਾਂਦੀ ਹੈ:-

| ਲੜੀ ਨੰ. | ਅਧਿਕਾਰੀ/ਕ੍ਰਮਚਾਰੀ ਦਾ ਨਾਮ ਅਤੇ ਅਹੁਦਾ ਸਰਵ ਸ੍ਰੀ/ਸ੍ਰੀਮਤੀ | ਕੰਮ ਦਾ ਵੇਰਵਾ |
|---|---|---|
| 1 | ਸ੍ਰੀ ਭੀਮ ਸੈਨ ਨਾਇਬ ਤਹਿਸੀਲਦਾਰ, ਭੀਖੀ<br>ਸ੍ਰੀ ਅਵਤਾਰ ਸਿੰਘ ਰੀਡਰ, ਨਾਇਬ ਤਹਿਸੀਲਦਾਰ, ਭੀਖੀ | ਇਹ ਅਧਿਕਾਰੀ ਬਣਾਏ ਜਾਣ ਵਾਲੇ ਸਟ੍ਰਾਂਗ ਰੂਮ, ਗਿਣਤੀ ਕੇਂਦਰ ਦੀ ਮੁਕੰਮਲ ਤਿਆਰੀ ਕਰਵਾਉਣਗੇ ਅਤੇ ਪੋਲਿੰਗ ਸਟਾਫ ਦੀ ਕਰਵਾਈ ਜਾਣ ਵਾਲੀ ਰਿਹਰਸਲ ਸਬੰਧੀ ਦਿੱਤੇ ਗਏ ਸਥਾਨ ਤੇ ਇੰਤਜਾਮ ਕਰਨੇ ਯਕੀਨੀ ਬਣਾਉਣਗੇ। ਇਹਨਾਂ ਸਥਾਨਾ ਤੇ ਸਾਫ ਸਫਾਈ ਦਾ ਖਾਸ ਖਿਆਲ ਰੱਖਣਗੇ। ਇਸ ਸਬੰਧੀ ਉਹ ਆਪਣੇ ਦਫਤਰੀ ਸਟਾਫ ਦੀ ਮੱਦਦ ਲੈ ਸਕਦੇ ਹਨ। |
| 2 | ਸ੍ਰੀਮਤੀ ਕਵਿਤਾ ਗਰਗ ਬੀ.ਡੀ.ਪੀ.ਓ., ਭੀਖੀ<br>ਸਹਾਇਕ ਰਿਟਰਨਿੰਗ ਅਫਸਰ ਜੋਗਾ,<br>ਸੁਰਿੰਦਰ ਮਿੱਤਲ ਇੰਗਲਿਸ ਲੈਕਚਰਾਰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਾਨਸਾ (ਲੜਕੇ)<br>ਰਾਜ ਕੁਮਾਰ ਲੈਕਚਰਾਰ, ਬੁਰਜ ਢਿੱਲਵਾਂ | ਇਹ ਅਧਿਕਾਰੀ ਬਤੌਰ ਸਹਾਇਕ ਰਿਟਰਨਿੰਗ ਅਫਸਰ ਕੰਮ ਦੇਖਣਗੇ ਅਤੇ ਰੁਟੀਨ ਦੀ ਡਾਕ ਦਾ ਨਿਪਟਾਰਾ ਕਰਨਾ ਯਕੀਨੀ ਬਣਾਉਣਗੇ। ਇਹ ਕਰਮਚਾਰੀ ਚੋਣਾਂ ਸਬੰਧੀ ਨਾਮਜਦਗੀਆਂ ਲੈਣ, ਵਾਪਿਸ ਕਰਨ, ਸਕਰਿਉਟਿਨੀ ਦਾ ਕੰਮ ਅਤੇ ਚੋਣ ਨਿਸ਼ਾਨ ਜਾਰੀ ਕਰਨ ਦਾ ਕੰਮ ਨਿਮਨਹਸਤਾਖਰ ਦੇ ਨਾਲ ਕਰਨਗੇ। ਇਸ ਸਬੰਧੀ ਸਾਰਾ ਰਿਕਾਰਡ ਮੇਨਟੇਨ ਕਰਨਗੇ। ਇਸ ਸਬੰਧੀ ਜੇਕਰ ਕਿਸੇ ਟੀਮ ਦੀ ਜਰੂਰਤ ਹੋਵੇ ਤਾਂ ਵਿਸਥਾਰ ਹੁਕਮ ਨਿਮਨਹਸਤਾਖਰ ਪਾਸੋਂ ਜਾਰੀ ਕਰਵਾਉਣਗੇ। ਇਸ ਕੰਮ ਵਿੱਚ ਰਿਕਾਰਡ ਮੇਨਟੇਨ ਕਰਨ ਲਈ ਸ੍ਰੀ ਮੋਹਨ ਸਿੰਘ, ਆਰ.ਸੀ, ਭੀਖੀ ਦੀ ਡਿਊਟੀ ਲਗਾਈ ਜਾਂਦੀ ਹੈ। |
| 3 | ਅਸ਼ੋਕ ਕੁਮਾਰ ਪ੍ਰਿਸੀਪਲ ਕੋਟੜਾ,<br>ਨਰਿੰਦਰ ਮੋਹਲ ਲੈਕਚਰਾਰ, ਸੀਨੀਅਰ ਸਕੈਂਡਰੀ ਸਕੂਲ ਭੈਣੀ ਬਾਘਾ<br>ਵਿਨੈ ਕੁਮਾਰ ਲੈਕਚਰਾਰ, ਸੀਨੀਅਰ ਸਕੈਂਡਰੀ ਸਕੂਲ ਜੋਗਾ। | ਕੰਮ ਦੀ ਸੁਪਰਵੀਜਨ ਕਰਨਗੇ ਅਤੇ ਚੋਣ ਸਬੰਧੀ ਸਮੇਂ-2 ਤੇ ਪ੍ਰਾਪਤ ਹੁੰਦੀਆਂ ਹਦਾਇਤਾਂ/ਡਾਕ ਨੂੰ ਵਾਚਣ ਅਤੇ ਉਨ੍ਹਾਂ ਵਿੱਚ ਦਰਜ ਜਰੂਰੀ ਤੱਥਾਂ ਨੂੰ ਹਾਈਲਾਈਟ ਕਰਨ ਉਪਰੰਤ ਨਿਮਨ ਹਸਤਾਖਰ ਪਾਸ ਪੇਸ਼ ਕਰਨਗੇ ਅਤੇ ਪ੍ਰਾਪਤ ਹੋਈ ਡਾਕ ਦਾ ਨਿਪਟਾਰਾ ਕਰਵਾਉਣਾ ਯਕੀਨੀ ਬਣਾਉਣਗੇ। |
| 4 | ਲਾਲ ਸਿੰਘ ਅਤੇ ਹਰਵਿੰਦਰ ਸਿੰਘ ਤਹਿਸੀਲ ਦਫਤਰ ਮਾਨਸਾ | ਚੋਣਾ ਸਬੰਧੀ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਸਮੇਂ ਸਿਰ ਪੁੱਟ-ਅੱਪ ਕਰਕੇ ਉਹਨਾਂ ਦਾ ਨਿਪਟਾਰਾ ਕਰਨ ਉਪਰੰਤ ਉਚ ਅਧਿਕਾਰੀਆਂ ਨੂੰ ਰਿਪੋਰਟ ਭੇਜਣਾ ਯਕੀਨੀ ਬਣਾਉਣਗੇ। |
| 5 | ਚਰਨਜੀਤ ਸਿੰਘ ਅਤੇ ਸੁਖਪਾਲ ਸਿੰਘ ਕਲਰਕ ਤਹਿਸੀਲ ਦਫਤਰ ਮਾਨਸਾ | ਵੱਖ-ਵੱਖ ਕਿਸਮ ਦੀਆਂ ਪ੍ਰਵਾਨਗੀਆਂ ਜਾਰੀ ਕਰਨ ਦਾ ਕੰਮ ਸਮੇਂ ਸਿਰ ਮੁਕੰਮਲ ਕਰਨਗੇ। |
| 6 | ਹਰਪ੍ਰੀਤ ਗਰਗ ਏ.ਐਸ.ਐਮ. ਜੋਗਾ,<br>ਨਵਨੀਤ ਕੁਮਾਰ ਏ.ਐਸ.ਐਮ. ਭੀਖੀ<br>ਨਵਦੀਪ ਕੁਮਾਰ ਟੈਕਨੀਕਲ ਅਸਿਸਟੈਂਟ, ਸਬ ਤਹਿਸੀਲ ਭੀਖੀ<br>ਪਰਵਿੰਦਰ ਸਿੰਘ ਟੈਕਨੀਕਲ ਅਸਿਸਟੈਂਟ, ਸਬ ਤਹਿਸੀਲ ਜੋਗਾ<br>ਮਨਪ੍ਰੀਤ ਸਿੰਘ ਟੈਕਨੀਕਲ ਅਸਿਸਟੈਂਟ, ਤਹਿਸੀਲ ਮਾਨਸਾ | ਚੋਣਾਂ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਰਿਪੋਰਟਾਂ ਭੇਜਣ ਦਾ ਕੰਮ ਕਰਨਗੇ ਅਤੇ ਹਰ ਇੱਕ ਰਿਪੋਰਟ ਸ੍ਰੀ ਨਰਿੰਦਰ ਮੋਹਲ ਲੈਕਚਰਾਰ ਨੂੰ ਚੈੱਕ ਕਰਵਾਕੇ ਭੇਜਣੀ ਯਕੀਨੀ ਬਣਾਉਣਗੇ। ਚੋਣਾਂ ਸਬੰਧੀ ਰਿਕਾਰਡ ਮੇਨਟੇਨ ਕਰਨਗੇ। |

| | | |
|---|---|---|
| 7 | ਦਰਸ਼ਨ ਕੁਮਾਰ ਇੰਗਲਿਸ਼ ਲੈਕਚਰਾਰ ਅਤਲਾ ਕਲਾਂ<br>ਸਿਕੰਦਰ ਸਿੰਘ ਹਿਸਟਰੀ, ਲੈਕਚਰਾਰ ਸਰਕਾਰੀ ਸਰਕਾਰੀ ਸੀਨੀਅਰ ਸਕੈਡਰੀ ਸਕੂਲ (ਲੜਕੀਆ) ਰੱਲਾ, | ਇਹ ਕਰਮਚਾਰੀ ਵੋਟਰ ਸੂਚੀਆਂ, ਰਿਹਰਸਲਾਂ ਕਰਵਾਉਣ ਅਤੇ ਪੋਲਿੰਗ ਪਾਰਟੀਆਂ ਨਾਲ ਸਬੰਧਤ ਸਮੁੱਚਾਂ ਕੰਮ ਕਰਨਗੇ ਅਤੇ ਇਸ ਕੰਮ ਲਈ ਚੋਣਾਂ ਲਈ ਹੋਰਨਾਂ ਵਿਭਾਗਾਂ ਤੋਂ ਰਿਕੁਜਿਟ ਕੀਤੇ ਗਏ ਕਰਮਚਾਰੀਆਂ ਦੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। |
| 8 | ਸ੍ਰੀ ਅਸਵਨੀ ਕੁਮਾਰ ਏ.ਸੀ.ਐਫ.ਏ. ਜਿਲ੍ਹਾ ਖੁਰਾਕ ਅਤੇ ਸਪਲਾਈ ਵਿਭਾਗ ਮਾਨਸਾ | ਉਮੀਦਵਾਰਾ ਦੇ ਖਰਚੇ ਦਾ ਹਿਸਾਬ ਰੱਖਣਗੇ ਅਤੇ ਇਸ ਸਬੰਧੀ ਰਿਪੋਰਟ ਨਿਮਨ ਹਸਤਾਖਰ ਪਾਸ ਪੇਸ਼ ਕਰਨਗੇ। |

ਆਦਰਸ਼ ਚੋਣ ਜਾਬਤਾ ਮਿਤੀ 16.01.2021 ਤੋਂ ਲਾਗੂ ਹੋ ਚੁੱਕਾ ਹੈ। ਇਸ ਲਈ ਉਪਰੋਕਤ ਵਿੱਚੋਂ ਕੋਈ ਵੀ ਕਰਮਚਾਰੀ ਨਿਮਨਹਸਤਾਖਰ ਦੀ ਅਗਾਊਂ ਪ੍ਰਵਾਨਗੀ ਤੋਂ ਬਿਨ੍ਹਾਂ ਸਟੇਸ਼ਨ ਨਹੀਂ ਛੱਡੇਗਾ ਅਤੇ ਨਾ ਹੀ ਬਿਨ੍ਹਾਂ ਅਗਾਊਂ ਸੂਚਨਾਂ ਕਿੱਤੇ ਦਫਤਰ ਵਿੱਚੋਂ ਛੁੱਟੀ ਕਰੇਗਾ। ਦਫਤਰੀ ਸਮੇਂ ਤੋਂ ਬਾਅਦ ਜੇਕਰ ਕਾਰ-ਸਰਕਾਰ ਦੇ ਕੰਮ ਲਈ ਦਫਤਰ ਹਾਜਰ ਹੋਣ ਦੀ ਜਰੂਰਤ ਆਉਂਦੀ ਹੈ ਤਾਂ ਕਰਮਚਾਰੀ ਤੁਰੰਤ ਦਫਤਰ ਵਿੱਚ ਹਾਜਰੀ ਯਕੀਨੀ ਬਣਾਏਗਾ ਅਤੇ ਸੌਂਪੇ ਗਏ ਕੰਮ ਨੂੰ ਤੁਰੰਤ ਨਿਪਟਾਏਗਾ।

ਸ੍ਰੀ ਸਤੀਸ਼, ਜੂਨੀਅਰ ਸਹਾਇਕ, ਸ੍ਰੀ ਪਰਮਜੀਤ ਸਿੰਘ, ਜੂਨੀਅਰ ਸਹਾਇਕ ਅਤੇ ਸ੍ਰੀ ਪ੍ਰਵੀਨ ਕੁਮਾਰ, ਜਮਾਦਾਰ 24•7 ਨਿਮਨਹਸਤਾਖਰ ਦੇ ਸੰਪਰਕ ਵਿੱਚ ਰਹਿਣਾ ਯਕੀਨੀ ਬਣਾਉਣਗੇ ਅਤੇ ਨਿਮਨ ਹਸਤਾਖਰ ਦੇ ਹੁਕਮਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਹਰ ਇੱਕ ਕਰਮਚਾਰੀ ਉਸਨੂੰ ਸੌਂਪੇ ਗਏ ਕੰਮ ਲਈ ਤਿਆਰੀ ਸੁਰੂ ਕਰੇਗਾ। ਉਪਰੋਕਤ ਦਰਜ ਅਧਿਕਾਰੀਆਂ/ਕ੍ਰਮਚਾਰੀਆਂ ਨੂੰ ਜੇਕਰ ਹੋਰ ਵਾਧੂ ਕੰਮ ਦਿੱਤਾ ਜਾਂਦਾ ਹੈ ਤਾ ਉਸਦਾ ਵੀ ਤੁਰੰਤ ਨਿਪਟਾਰਾ ਕਰਨਾ ਯਕੀਨੀ ਬਣਾਉਣਗੇ। ਇਸ ਕੰਮ ਵਿੱਚ ਵਰਤੀ ਗਈ ਢਿੱਲ ਨਾ-ਕਾਬਲੇ ਬਰਦਾਸ਼ਤ ਹੋਵੇਗੀ ਅਤੇ ਅਣਗਿਹਲੀ ਦੀ ਸੂਰਤ ਵਿੱਚ ਤੁਰੰਤ ਚੋਣ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ।

ਤਹਿਸੀਲਦਾਰ, ਮਾਨਸਾ -ਕਮ-
ਰਿਟਰਨਿੰਗ ਅਫਸਰ ਨਗਰ ਪੰਚਾਇਤ-
ਆਮ ਚੋਣਾ-2021 ਜੋਗਾ।

ਪਿੰਠ ਅੰਕਣ ਨੰ.......29........./ਚੋਣਾਂ ਮਿਤੀ ..19/01......./2021

ਇਸਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਚੋਣ ਅਫਸਰ -ਕਮ- ਡਿਪਟੀ ਕਮਿਸ਼ਨਰ, ਮਾਨਸਾ।
2. ਵਧੀਕ ਜਿਲ੍ਹਾ ਚੋਣ ਅਫਸਰ -ਕਮ-ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਮਾਨਸਾ।
3. ਸੀਨੀਅਰ ਪੁਲਿਸ ਕਪਤਾਨ, ਮਾਨਸਾ।
4. ਰਿਟਰਨਿੰਗ ਅਫਸਰ ਨਗਰ ਕੌਂਸਲ ਮਾਨਸਾ-ਕਮ-ਉਪ ਮੰਡਲ ਮੈਜਿਸਟਰੇਟ, ਮਾਨਸਾ।
5. ਜਿਲ੍ਹਾ ਲੋਕ ਸੰਪਰਕ ਅਫਸਰ, ਮਾਨਸਾ।
6. ਡਿਪਟੀ ਸੁਪਰਡੈਂਟ ਪੁਲਿਸ (ਸ) ਮਾਨਸਾ।
7. ਸਹਾਇਕ ਰਿਟਰਨਿੰਗ ਅਫਸਰ-ਕਮ-ਬੀ.ਡੀ.ਪੀ.ਓ. ਭੀਖੀ।
8. ਨਾਇਬ ਤਹਿਸੀਲਦਾਰ ਭੀਖੀ/ਜੋਗਾ।
9. ਜਿਲ੍ਹਾ ਸਿੱਖਿਆ ਅਫਸਰ ਸਕੈਡਰੀ, ਮਾਨਸਾ।
10. ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਪਾਸ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕਰਮਚਾਰੀਆਂ ਨੂੰ ਤੁਰੰਤ ਫਾਰਗ ਕਰਕੇ ਹਦਾਇਤ ਕੀਤੀ ਜਾਵੇ ਕਿ ਮਿਤੀ 21.01.2021 ਨੂੰ ਸਵੇਰੇ 10:00 ਵਜੇ ਨਿਮਨਹਸਤਾਖਰ ਪਾਸ ਆਪਣੀ ਹਾਜਰੀ ਰਿਪੋਰਟ ਪੇਸ਼ ਕਰਨ।

ਤਹਿਸੀਲਦਾਰ, ਮਾਨਸਾ -ਕਮ-
ਰਿਟਰਨਿੰਗ ਅਫਸਰ ਨਗਰ ਪੰਚਾਇਤ-
ਆਮ ਚੋਣਾ-2021 ਜੋਗਾ।

## ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਪਿੱਠ ਅੰਕਣ ਨੰ:ਜੀ-2/ਚੋਣਾਂ-2021/ 2021-22824 ਮਿਤੀ ਮਾਨਸਾ: 21/1/2021

ਉਪਰੋਕਤ ਦਾ ਉਤਾਰਾ ਸ.ਸ.ਸ (ਮੁੰਡੇ) ਮਾਨਸਾ, ਸ.ਸ.ਸ ਉੱਭਾ ਬੁਰਜ ਢਿੱਲਵਾਂ, ਸ.ਸ.ਸ ਕੋਟੜਾ ਕਲਾਂ, ਸ.ਸ.ਸ ਭੈਣੀ ਬਾਘਾ, ਸ.ਸ.ਸ (ਕੁੜੀਆਂ) ਜੋਗਾ, ਸ.ਸ.ਸ ਅਤਲਾ ਕਲਾਂ ਅਤੇ ਸ.ਸ.ਸ. (ਕੁੜੀਆਂ) ਰੱਲਾਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਇੰਨ-ਬਿਨ ਯਕੀਨੀ ਬਣਾਈ ਜਾਵੇ। ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਮਾਨਸਾ।